# ਕੈਮਬ੍ਰਿਜ IR ਦੇ ਉਪਯੋਗ ਬਾਰੇ ਹਿਦਾਇਤਾਂ

**ਮਹੱਤਵਪੂਰਨ ਸੰਦੇਸ਼ • ਕਿਰਪਾ ਕਰਕੇ ਪੜ੍ਹੋ!** “IKO ਗਲਤ ਤਰੀਕੇ ਨਾਲ ਲਗਾਈਆਂ ਗਈਆਂ ਸ਼ਿੰਗਲਾਂ (shingles), ਜਿਸ ਸਤਹ ’ਤੇ ਛੱਤ ਪਾਈ ਜਾਣੀ ਹੈ ਉਸਦੀ ਗਲਤ ਤਿਆਰੀ, ਜਾਂ ਸਥਾਨਕ ਨਿਰਮਾਣ ਜ਼ਾਬਤਿਆਂ (building codes) ਦੇ ਅਨੁਸਾਰ ਉਚਿਤ ਹਵਾਦਾਰੀ ਪ੍ਰਦਾਨ ਕਰਾਉਣ ਵਿੱਚ ਫੇਲ੍ਹ ਹੋਣ ਦੀ ਵਜਹ ਕਰਕੇ ਹੋਣ ਵਾਲੀਆਂ ਲੀਕਾਂ ਜਾਂ ਨੁਕਸਾਂ ਲਈ ਕੋਈ ਜ਼ਿੰਮੇਵਾਰੀ ਨਹੀਂ ਲੈਂਦੀ। ਢਲਾਣਦਾਰ ਛੱਤਾਂ ’ਤੇ ਬੰਡਲਾਂ ਦੀ ਧਾਂਕ ਲਾਕੇ ਰੱਖਣ ਸਮੇਂ ਸਾਵਧਾਨੀ ਵਰਤੋ।”

**ਛੱਤ ਦੀ ਢਲਾਣ:** ਕਦੇ ਵੀ ਐਸਫਾਲਟ ਦੀਆਂ ਸ਼ਿੰਗਲਾਂ ਨੂੰ 2:12 ਤੋਂ ਘੱਟ ਵਾਲੀਆਂ ਛੱਤਾਂ ਦੀਆਂ ਢਲਾਣਾਂ ’ਤੇ ਨਾ ਲਗਾਓ। 2:12 ਤੋਂ 4:12 ਤੱਕ ਦੀਆਂ ਢਲਾਣਾਂ (ਘੱਟ ਢਲਾਣ) ਵਾਸਤੇ, ਹੇਠਾਂ ਦੱਸੀਆਂ ਵਿਸ਼ੇਸ਼ ਅੰਡਰਲੇਅਮੈਂਟ ਲੋੜਾਂ ਨੂੰ ਦੇਖੋ।

---

## ਕਦਮ 1-3



**ਕਦਮ 1: ਛੱਤ ਦੇ ਡੈੱਕ ਨੂੰ ਤਿਆਰ ਕਰੋ:** ਡੈੱਕ ਲਾਜ਼ਮੀ ਤੌਰ 'ਤੇ ਇਕਸਾਰ, ਮਜ਼ਬੂਤ, ਸਾਫ਼, ਖੁਸ਼ਕ ਹੋਣਾ ਚਾਹੀਦਾ ਹੈ ਅਤੇ ਮੇਖਾਂ ਚੰਗੀ ਤਰ੍ਹਾਂ ਲੱਗੀਆਂ ਹੋਣੀਆਂ ਚਾਹੀਦੀਆਂ ਹਨ। ਲੱਕੜੀ ਦੇ ਪੈਨਲ ਦਾ ਡੈੱਕ ਬਾਹਰੀ ਪਾਸੇ ਦੇ ਗਰੇਡ ਦਾ ਹੋਣਾ ਚਾਹੀਦਾ ਹੈ, ਅਤੇ ਇਹ ਨਿਰਮਾਣ ਜ਼ਾਬਤੇ ਦੀਆਂ ਲੋੜਾਂ ਦੇ ਅਨੁਸਾਰ ਹੋਵੇ। ਪੈਨਲ ਘੱਟੋ ਘੱਟ ⅜"" ਮੋਟੀ ਪਲਾਈਵੁੱਡ, ਜਾਂ ਘੱਟੋ ਘੱਟ 7⁄16"" ਮੋਟੇ ਨਾਨ-ਵੀਨੀਰ ਦੇ ਬਣੇ ਹੋਣ। ਆਯਾਮੀ ਲੰਬਰ (dimensional lumber) (ਜਿਸ ਵਿੱਚ ਸ਼ਿਪਲੈਪ/ਬੋਰਡ ਡੈੱਕ ਵੀ ਸ਼ਾਮਲ ਹਨ) 'ਤੇ ਐਸਫਾਲਟ ਸ਼ਿੰਗਲਾਂ ਨੂੰ ਲਗਾਉਣ ਦੀ ਸਿਫਾਰਸ਼ ਨਹੀਂ ਕੀਤੀ ਜਾਂਦੀ ਕਿਉਂਕਿ ਇਹ ਸੰਭਾਵੀ ਤੌਰ 'ਤੇ ਲਿਫ ਜਾਣ ਦੀਆਂ ਸਮੱਸਿਆਵਾਂ ਦਾ ਕਾਰਨ ਬਣ ਸਕਦਾ ਹੈ, ਜਿੰਨ੍ਹਾਂ ਨੂੰ ਸਾਡੀ ਸੀਮਤ ਵਰੰਟੀ ਦੁਆਰਾ ਕਵਰ ਨਹੀਂ ਕੀਤਾ ਜਾਂਦਾ।

**ਕਦਮ 2: ਈਵਾਂ (EAVES) ਦੇ ਨਾਲ-ਨਾਲ ਡ੍ਰਿੱਪ ਕਿਨਾਰਾ (Drip Edge) ਲਗਾਓ:** ਈਵਾਂ ਦੇ ਨਾਲ-ਨਾਲ ਧਾਤੂ ਦੇ ਬਣੇ ਡ੍ਰਿੱਪ ਕਿਨਾਰੇ ਲਗਾਓ, ਮੇਖਾਂ ਵਿਚਕਾਰ ਵਿੱਥ ਲੱਗਭਗ 12" ਹੋਵੇ।

**ਕਦਮ 3: ਈਵ ਸ ਰੱਖ ਆ:** ਨ ਰਮਾਣ ਜ ਾਬਤੇ ਦੀਆਂ ਲੋੜਾਂ ਅਤੇ ਨ ਰਮਾਤਾ ਦੀਆਂ ਹ ਦਾਇਤਾਂ ਅਨ ਸਾਰ ਆਈਸ ਐਂਡ ਵਾਟਰ ਪ੍ਰੋਟ ਕਟਰ ਲਗਾਓ, ਜ ਵੇਂ

ਕ IKO ਦਾ StormShield® ਆਈਸ ਐਂਡ ਵਾਟਰ ਪ੍ਰੋਟ ਕਟਰ, ਜ਼ੋ ਈਵਾਂ ਤੋਂ ਅੱਗੇ ਘੱਟੋ ਘੱਟ 1/4” ਤੋਂ ਲੈਕੇ 3/4” ਤੱਕ ਮਾਮੂਲੀ ਜ ਹਾ ਓਵਰਹ ਂਗ ਕਰਦਾ ਹੋਵੇ ਅਤੇ ਛੱਤ ਦੇ ਉੱਪਰ ਵੱਲ ਅੰਦਰੂਨੀ ਕਿੰਧ ਲਾਈਨ ਤੋਂ ਅੱਗੇ ਘੱਟੋ- ਘੱਟ 24” ਤੱਕ ਜਾਂਦਾ ਹੋਵੇ। ਜੇ ਇੱਕ ਤੋਂ ਵਧੇਰੇ ਕੋਰਸਾਂ ਦੀ ਲੋੜ ਹ , ਤਾਂ 2”ਵਾਲੇ ਸਾਈਡ ਲ ਪਾਂ (side laps) ਅਤੇ 4” ਵਾਲੇ ਇੰਡਿ ਲ ਪਾਂ (end laps) ਦੀ ਵਰਤੋਂ ਕਰੋ। ਨੋਟ: IKO ਸਾਰੀਆਂ ਪ੍ਰਸਥ ਤੀਆਂ ਵ ੱਚ ਆਈਸ ਐਂਡ ਵਾਟਰ ਪ੍ਰੋਟ ਕਟਰ ਸ ਰੱਖ ਆ ਦੀ ਵਰਤੋਂ ਕਰਨ ਦੀ ਸ ਫਾਰਸ਼ ਕਰਦੀ ਹ , ਪਰ, ਜੇ ਤ ਹਾਡਾ ਸਥਾਨਕ ਜ ਾਬਤਾ ਜਾਂ ਮ ਆਰ ਕੋਈ ਬਰਫ ਅਤੇ ਪਾਣੀ ਰੋਧਕ ਨਹੀਂ ਲੋੜਦਾ, ਤਾਂ ਵਾਰੋ-ਵਾਰੀ ਅੰਡਿਰਲੇਅਮ ਂਟ ਦਾ ਪਹ ਲਾ ਕੋਰਸ ਇਸ ਤਰ੍ਹਾਂ ਲਗਾਓ ਕ ਇਹ ਈਵਾਂ ਤੋਂ ਘੱਟੋ ਘੱਟ 1/4” ਤੋਂ ਲੈਕੇ 3/4” ਤੱਕ ਮਾਮੂਲੀ ਜ ਹਾ ਓਵਰਹ ਂਗ ਕਰੇ।

---

**ਕਦਮ 4-5**



**ਕਦਮ 4: ਅੰਡਰਲੇਅਮੈਂਟ:** ਜਾਂ ਤਾਂ ਐਸਫਾਲਟ ਸੰਤ੍ਰਿਪਤ ਫੈਲਟ ਜਾਂ ਸੰਥੈਟਿਕ ਅੰਡਰਲੇਅਮੈਂਟ, ਜਿਵੇਂ ਕਿ IKO Stormtite®, ਨੂੰ ਛੱਤ ਦੇ ਉੱਪਰ ਵੱਲ ਜਾਂਦੇ ਹੋਏ ਲੇਟਵੇਂ ਦਾਅ (horizontal) ਕੋਰਸਾਂ ਅਨੁਸਾਰ ਲਗਾਓ ਜਿਸ ਵਿੱਚ 2" ਦੇ ਸਾਈਡ ਲੈਪ ਅਤੇ 4" ਦੇ ਇੰਡ ਲੈਪ ਹੋਣ। ਸਿਖਰ 'ਤੇ ਜਾਕੇ ਫਾਈਨਲ ਕੋਰਸ ਦੇ ਫਿੱਟ ਬੈਠਣ ਲਈ ਸ਼ੀਟ ਨੂੰ ਕੱਟ ਦਿਓ। ASTM E108 ਕਲਾਸ A ਫਾਇਰ ਰੇਟਿੰਗ ਜਾਂ ਸਥਾਨਕ ਨਿਰਮਾਣ ਜ਼ਾਬਤੇ ਅਨੁਸਾਰ ਲੋੜੀਂਦੀ ਰੇਟਿੰਗ ਵਾਸਤੇ ਯੋਗਤਾ ਪੂਰੀ ਕਰਨ ਲਈ ਐਸਫਾਲਟ ਸੰਤ੍ਰਿਪਤ ਫੈਲਟ ਦੀ ਇੱਕ ਪਰਤ (ਜਾਂ ਇਸਦੇ ਬਰਾਬਰ ਦੀ ਪਰਤ) ਸਮੁੱਚੇ ਡੈੱਕ ਉੱਤੇ ਲੋੜੀਂਦੀ ਹੈ।

**ਘੱਟ ਢਲਾਣ:** 4:12 ਤੋਂ 2:12 ਤੋਂ ਘੱਟ ਸਮੇਂ ਤੋਂ ਭੂਮੀਗਤ ਢਲਾਣਾਂ ਲਈ ਪ ਛਲੀ ਸ਼ੀਟ ਨੂੰਿ 4" ਵਾਲੇ ਇੰਿਡ ਲ ਪਾਂ ਨਾਲ 19" ਤੱਕ ਓਵਰਲ ਪ ਕਰਕੇ ਲਗਾਤਾਰ ਕੋਰਸਾਂ ਨਾਲ ਅੰਿਡਰਲੇਅਮ ੰਟ ਲਗਾਓ। ਵ ਕਲਪਕ ਤੌਰ 'ਤੇ, ਸਮ ੱਚੇ ਡ ੱਕ ਉੱਤੇ ਨ ਰਮਾਤਾ ਦੀਆਂ ਹ ਦਾਇਤਾਂ ਅਨ ਸਾਰ ਆਈਸ ਐਂਡ ਵਾਟਰ ਪ੍ਰੋਟ ਕਟਰ ਦੀ ਇੱਕ ਇਕਹਰੀ ਪਰਤ ਲਗਾਓ। ਨੋ.ਟ: 3:12 ਤੋਂ. ਲ ਕੇ 4:12 ਤੱਕ ਦੀਆਂ ਢਲਾਣਾਂ 'ਤੇ ਇਹਨਾਂ ਹ ਦਾਇਤਾਂ ਮ ਤਾਬ ਕ ਲਗਾਈਆਂ ਸ਼ ਿਗਲਾਂ ਦੀ ਸਮ ੱਚੀ ਵਰਿੰਟੀ ਮ ਆਦ ਵਾਸਤੇ ਵਰਿੰਟੀ ਦ ੱਤੀ ਜਾਵੇਗੀ। 2:12 ਤੋਂ. ਲ ਕੇ 3:12 ਤੱਕ ਦੀਆਂ ਸ਼ ਿਗਲਾਂ ਲਈ 12 ਸਾਲਾਂ ਤੱਕ ਦੀ ਵਰਿੰਟੀ ਦ ੱਤੀ ਜਾਵੇਗੀ।

**ਕਦਮ 5: ਰੇਕਾਂ 'ਤੇ ਡ੍ਰਿੱਪ ਕਿਨਾਰਾ (Drip Edge) ਲਗਾਓ:** ਮੇਖਾਂ ਵਿਚਕਾਰ 12" ਦੀ ਵਿੱਥ ਰੱਖਦੇ ਹੋਏ, ਰੇਕ ਦੇ ਕਿਨਾਰਿਆਂ ਦੇ ਨਾਲ-ਨਾਲ ਕਿਸੇ ਵੀ ਅੰਡਰਲੇ ਦੇ ਉੱਤੇ ਧਾਤੂ ਦੇ ਡ੍ਰਿੱਪ ਕਿਨਾਰੇ ਲਗਾਓ।




**ਕਦਮ 6: ਫਲੈਸ਼ਿੰਗ ਲਗਾਓ:** ਜਿੱਥੇ ਕਿਤੇ ਵੀ ਕੋਈ ਛੱਤ ਕਿਸੇ ਕੰਧ ਨਾਲ, ਕਿਸੇ ਹੋਰ ਛੱਤ ਨਾਲ, ਕਿਸੇ ਚਿਮਨੀ ਨਾਲ ਜਾਂ ਛੱਤ ਵਿੱਚੋਂ ਨਿਕਲਣ ਵਾਲੀਆਂ ਕਿਸੇ ਹੋਰ ਚੀਜ਼ਾਂ ਨਾਲ ਜਾ ਮਿਲਦੀ ਹੈ, ਓਥੇ ਖੋਰ-ਰੋਧਕ ਫਲੈਸ਼ਿੰਗ ਦੀ ਵਰਤੋਂ ਕਰਨਾ ਲਾਜ਼ਮੀ ਹੈ ਤਾਂ ਜੋ ਲੀਕ ਹੋਣ ਤੋਂ ਬਚਣ ਵਿੱਚ ਮਦਦ ਮਿਲ ਸਕੇ। ਫਲੈਸ਼ਿੰਗ ਲਾਗੂ ਹੋਣ ਵਾਲੇ ਨਿਰਮਾਣ ਜ਼ਾਬਤੇ ਅਤੇ ਛੱਤ ਪਾਉਣ ਦੀ ਵਧੀਆ ਪ੍ਰਥਾ ਦੀਆਂ ਲੋੜਾਂ ਦੀ ਤਾਮੀਲ ਪੂਰੀ ਕਰਦੀ ਹੋਵੇ।

**ਕਦਮ 7: ਖੁੱਲ੍ਹੀਆਂ ਧਾਤੂ ਘਾਟੀਆਂ ਲਗਾਓ:** ਧਾਤੂ ਦੀਆਂ ਘਾਟੀਆਂ (metal valleys) ਦੀ ਸਿਫਾਰਸ਼ ਕੀਤੀ ਜਾਂਦੀ ਹੈ। (ਬੰਦ ਘਾਟੀ ਦੇ ਉਪਯੋਗ ਸਵੀਕਾਰ ਕਰਨਯੋਗ ਹਨ ਪਰ ਇਹਨਾਂ ਦੀ ਸਿਫਾਰਸ਼ ਨਹੀਂ ਕੀਤੀ ਜਾਂਦੀ। ਵਿਸਥਾਰਾਂ ਵਾਸਤੇ ਕਿਰਪਾ ਕਰਕੇ ਸੀਮਤ ਵਰੰਟੀ ਦੇਖੋ।) ਸ਼ਿੰਗਲਾਂ ਨੂੰ ਲਗਾਏ ਜਾਣ ਤੋਂ ਪਹਿਲਾਂ ਘਾਟੀ ਦੀ ਫਲੈਸ਼ਿੰਗ ਪੂਰੀ ਕਰੋ। ਆਈਸ ਐਂਡ ਵਾਟਰ ਪ੍ਰੋਟੈਕਟਰ ਦੀ ਇੱਕ 36" ਚੌੜੀ ਪੱਟੀ ਘਾਟੀ ਦੇ ਕੇਂਦਰ ਵਿੱਚ ਲਗਾਓ ਅਤੇ ਫੇਰ ਕਿਨਾਰਿਆਂ 'ਤੇ ਏਨੀਆਂ ਕੁ ਮੇਖਾਂ ਨਾਲ ਕੱਸ ਦਿਓ ਜੋ ਇਸਨੂੰ ਥਾਂ ਸਿਰ ਰੱਖਣ ਲਈ ਕਾਫੀ ਹੋਣ। ਘਾਟੀ ਦੇ ਕੇਂਦਰ ਵਿੱਚ ਇੱਕ ਘੱਟੋ-ਘੱਟ 24" ਚੌੜਾ, ਘੱਟੋ- ਘੱਟ 28 ਗੇਜ ਦਾ ਪ੍ਰੀ-ਫਿਨਿਸ਼ਡ/ਗਲਵੈਨੀਕਿਰਤ ਕੀਤਾ ਧਾਤੂ ਘਾਟੀ ਲਾਈਨਰ ਲਗਾਓ, ਅਤੇ ਫੇਰ ਕਿਨਾਰਿਆਂ ਨੂੰ ਏਨੀਆਂ ਕੁ ਮੇਖਾਂ ਨਾਲ ਕੱਸ ਦਿਓ ਜੋ ਇਸਨੂੰ ਥਾਂ ਸਿਰ ਰੱਖਣ ਲਈ ਕਾਫੀ ਹੋਣ। ਘਾਟੀ ਦੀ ਪੂਰੀ ਲੰਬਾਈ ਵਾਸਤੇ ਦੋ ਚਾਕ ਲਾਈਨਾਂ ਲਗਾਓ, ਜੋ ਸਿਖਰ 'ਤੇ 6" ਦੀ ਵਿੱਥ 'ਤੇ ਹੋਣ ਅਤੇ ਹੇਠਾਂ ਵੱਲ ਆਉਂਦੇ ਸਮੇਂ ਉਹਨਾਂ ਦੀ ਚੌੜਾਈ ਪ੍ਰਤੀ ਫੁੱਟ 1/8" ਵਧਦੀ ਜਾਵੇ। ਜਦ ਸ਼ਿੰਗਲਾਂ ਨੂੰ ਲਗਾਇਆ ਜਾ ਰਿਹਾ ਹੋਵੇ, ਤਾਂ ਉਹਨਾਂ ਨੂੰ ਘਾਟੀ ਦੀ ਫਲੈਸ਼ਿੰਗ ਉੱਤੇ ਵਿਛਾਓ, ਸਿਰਿਆਂ ਨੂੰ ਚਾਕ ਲਾਈਨ ਤੱਕ ਕੱਟ ਦਿਓ, ਅਤੇ ਕੋਨੇ ਤੋਂ ਇੱਕ 2" ਦੀ ਤਿਕੋਣ ਕੱਟ ਦਿਓ ਤਾਂ ਜੋ ਪਾਣੀ ਨੂੰ ਘਾਟੀ ਵੱਲ ਭੇਜਿਆ ਜਾ ਸਕੇ (A)। ਹਰੇਕ ਸ਼ਿੰਗਲ ਦੇ ਘਾਟੀ ਵੱਲ ਦੇ ਸਿਰੇ ਨੂੰ ਐਸਫਾਲਟ ਪਲਾਸਟਿਕ ਸੀਮੇਂਟ ਦੀ ਇੱਕ 3" ਚੌੜੀ ਪੱਟੀ ਵਿੱਚ ਪਰੋ ਦਿਓ (B)। ਸ਼ਿੰਗਲ ਵਿੱਚ ਕੋਈ ਵੀ ਮੇਖ ਚਾਕ ਲਾਈਨ ਦੇ 2" ਤੋਂ ਵਧੇਰੇ ਨੇੜੇ ਨਾ ਲਗਾਓ।

**ਕਦਮ 8: ਸਟਾਰਟਰ ਕੋਰਸ ਲਗਾਓ:** IKO ਲੀਡਿੰਗ ਐੱਜ ਪਲੱਸ® (Leading Edge Plus®) ਸਟਾਰਟਰ ਸ਼ਿੰਗਲਾਂ ਨੂੰ ਵਰਤਣ ਦੀ ਸਿਫਾਰਸ਼ ਕਰਦੀ ਹੈ। ਲੀਡਿੰਗ ਐੱਜ ਪਲੱਸ ਸ਼ਿੰਗਲ ਨੂੰ ਮੋਰੀਦਾਰ ਲਾਈਨ (perforation) ਦੇ ਨਾਲ-ਨਾਲ ਮੋੜੋ ਤਾਂ ਜੋ ਇਸਨੂੰ ਵੱਖ ਕੀਤਾ ਜਾ ਸਕੇ। ਪਹਿਲੀ ਸਟਾਰਟਰ ਸ਼ਿੰਗਲ ਨੂੰ ਅੱਧ ਵਿਚਕਾਰੋਂ ਕੱਟ ਦਿਓ। ਛੱਤ ਦੇ ਖੱਬੇ ਕੋਨੇ ਤੋਂ ਸ਼ੁਰੂ ਕਰਕੇ, ਅਰਧ ਭਾਗਾਂ ਵਿੱਚੋਂ ਇੱਕ ਦੇ ਦਾਣੇਦਾਰ ਪਾਸੇ ਨੂੰ ਉੱਪਰ ਵੱਲ ਰੱਖਦੇ ਹੋਏ ਈਵਾਂ ਦੇ ਕੋਰਸ ਨੂੰ ਲਗਾਉਣਾ ਸ਼ੁਰੂ ਕਰੋ ਜਦਕਿ ਸੀਲੈਂਟ ਈਵਾਂ ਦੇ ਨਾਲ ਲੱਗਵਾਂ ਹੋਵੇ। ਇਹ ਈਵਾਂ ਅਤੇ ਰੇਕ ਦੇ ਕਿਨਾਰੇ ਉੱਤੇ 1/4” ਤੋਂ 3/4" ਤੱਕ ਮਾਮੂਲੀ ਜਿਹਾ ਓਵਰਹੈਂਗ ਹੋਣਾ ਚਾਹੀਦਾ ਹੈ। ਅਰਧ-ਲੰਬਾਈ ਸ਼ਿੰਗਲ ਨੂੰ ਮੇਖਾਂ ਲਗਾਕੇ ਕੱਸ ਦਿਓ ਜੋ ਈਵਾਂ ਦੇ ਕਿਨਾਰੇ ਤੋਂ 3” ਅਤੇ ਹਰੇਕ ਸਿਰੇ ਤੋਂ 1” ਦੂਰ ਹੋਣ ਜਦਕਿ ਤੀਸਰੀ ਵਿਚਾਲੇ ਹੋਵੇ। 1/4” ਤੋਂ 3/4" ਤੱਕ  ਦੇ ਮਾਮੂਲੀ ਜਿਹੇ ਓਵਰਹੈਂਗ ਨੂੰ ਬਣਾਈ ਰੱਖਦੇ ਹੋਏ, ਅਤੇ ਪ੍ਰਤੀ ਸ਼ਿੰਗਲ ਚਾਰ ਮੇਖਾਂ ਦੇ ਨਾਲ ਕੱਸਦੇ ਹੋਏ, ਪੂਰੀ ਲੰਬਾਈ ਦੀਆਂ ਸਟਾਰਟਰ ਸ਼ਿੰਗਲਾਂ ਨਾਲ ਈਵ ਅਤੇ ਰੇਕ ਦੇ ਸਟਾਰਟਰ ਕੋਰਸਾਂ ਨੂੰ ਪੂਰਾ ਕਰੋ।

**ਕਦਮ 8**




## ਮਹੱਤਵਪੂਰਨ! - ਉਚਿਤ ਤਰੀਕੇ ਨਾਲ ਮੇਖਾਂ ਲਗਾਉਣਾ



## ਕਦਮ 9-13




**ਕਦਮ 9: ਪਹਿਲਾ ਕੋਰਸ ਸਥਾਪਤ ਕਰੋ:** ਰੇਕ ਅਤੇ ਈਵ ਉੱਤੇ ਸਟਾਰਟਰ ਕੋਰਸ ਦੇ ਨਾਲ, ਪੂਰੀ ਲੰਬਾਈ ਦੀ ਸ਼ਿੰਗਲ ਨੂੰ ਚੌਫਾਲ ਲਗਾਕੇ ਸ਼ੁਰੂ ਕਰੋ। ਪ੍ਰਤੀ ਸ਼ਿੰਗਲ ਚਾਰ ਮੇਖਾਂ ਦੀ ਵਰਤੋਂ ਕਰੋ ਜਿਵੇਂ ਕਿ ਹੇਠਾਂ ਲਗਾਕੇ ਦਿਖਾਇਆ ਗਿਆ ਹੈ। ਕੋਰਸ ਵਿਚਲੀ ਪਹਿਲੀ ਸ਼ਿੰਗਲ ਲਗਾ ਦਿੱਤੇ ਜਾਣ ਦੇ ਬਾਅਦ, ਪੂਰੀ ਲੰਬਾਈ ਵਾਲੀਆਂ ਸ਼ਿੰਗਲਾਂ ਨਾਲ ਜਾਰੀ ਰੱਖੋ ਤਾਂ ਜੋ ਪਹਿਲਾ ਕੋਰਸ ਪੂਰਾ ਕੀਤਾ ਜਾ ਸਕੇ, ਆਖਰੀ ਸ਼ਿੰਗਲ ਨੂੰ ਕਤਰ ਦਿਓ ਤਾਂ ਜੋ ਇਹ ਹੇਠਲੇ ਸਟਾਰਟਰ ਕੋਰਸ ਦੇ ਓਵਰਹੈਂਗ ਨਾਲ ਮੇਲ਼ ਖਾ ਜਾਵੇ।

**ਤਿੱਖੀਆਂ ਢਲਾਣਾਂ/ਤੇਜ਼ ਹਵਾ ਵਾਲੇ ਖੇਤਰਾਂ ਵਿੱਚ ਜਾਂ ਠੰਢੇ ਤਾਪਮਾਨਾਂ ਵਿੱਚ ਮੇਖਾਂ ਲਗਾਉਣਾ:** ਤੇਜ਼ ਹਵਾ ਵਾਲੇ ਖੇਤਰਾਂ ਵਿੱਚ ਜਾਂ ਠੰਢੇ ਤਾਪਮਾਨਾਂ ਵਿੱਚ, ਜਾਂ 21:12 (60°) ਜਾਂ ਵਧੇਰੇ ਤਿੱਖੀਆਂ ਢਲਾਣਾਂ 'ਤੇ, ਪ੍ਰਤੀ ਸ਼ਿੰਗਲ ਛੇ ਮੇਖਾਂ ਦੀ ਵਰਤੋਂ ਕਰੋ ਜਿਵੇਂ ਕਿ ਹੇਠਾਂ ਦਿਖਾਇਆ ਗਿਆ ਹੈ। ਨੋਟ: ਸਿਰਫ਼ ਨਿਚਲੀ ਮੇਖ ਲਾਈਨ ਵਿੱਚ ਮੇਖ ਲਗਾਉਂਦੇ ਹੋਏ, ਹਰੇਕ ਮੇਖ ਲਾਜ਼ਮੀ ਤੌਰ 'ਤੇ ਸ਼ਿੰਗਲ ਦੀਆਂ ਦੋਨੋਂ ਪਰਤਾਂ ਵਿੱਚ ਧਸਣੀ ਚਾਹੀਦੀ ਹੈ। ਇਹ ਯਕੀਨੀ ਬਣਾਓ ਕਿ ਕੋਈ ਵੀ ਮੇਖ ਹੇਠਲੀ ਸ਼ਿੰਗਲ ਦੇ ਜੋੜ/ਕੱਟ-ਆਊਟ ਤੋਂ 2" ਦੇ ਅੰਦਰ ਨਾ ਹੋਵੇ। ਲਗਾਏ ਜਾਣ ਦੇ ਵਕਤ ਹਰੇਕ ਸ਼ਿੰਗਲ ਨੂੰ 1" ਵਿਆਸ ਵਾਲੇ ਰੂਫਿੰਗ ਸੀਮੈਂਟ ਦੇ ਧੋੜਿਆਂ ਨਾਲ ਸੀਲ ਕਰੋ ਜੋ ਕਿ ਸ਼ਿੰਗਲ ਦੇ ਹੇਠਾਂ ਨਿਚਲੇ ਕਿਨਾਰੇ ਤੋਂ 2" ਉੱਪਰ ਰੱਖੇ ਗਏ ਹੋਣ ਅਤੇ ਸ਼ਿੰਗਲ ਦੇ ਨਾਲ-ਨਾਲ ਬਰਾਬਰ-ਬਰਾਬਰ ਦੂਰੀ 'ਤੇ ਹੋਣ। ਰੂਫਿੰਗ ਸੀਮੈਂਟ ਦੀ ਵਰਤੋਂ ਕੰਜੂਸੀ ਨਾਲ ਕਰੋ, ਕਿਉਂਕਿ ਵਧੇਰੇ ਮਾਤਰਾਵਾਂ ਫਫੋਲਿਆਂ ਦਾ ਕਾਰਨ ਬਣ ਸਕਦੀਆਂ ਹਨ।

**ਕਦਮ 10: ਚਾਕ ਲਾਈਨਾਂ:** ਸਿੱਧੀ ਸੇਧ ਰੱਖਣ ਵਿੱਚ ਮਦਦ ਲਈ, ਲੇਟਵੇਂ ਦਾਅ ਚਾਕ ਲਾਈਨਾਂ ਲਗਾਓ। ArmourZone ਵਾਲੀ ਡਾਈਨਸਟੀ/ਕੈਂਬਰਿਜ IR ਐਕਸਪੋਜਰ 5-7/8" ਹੈ।

**ਕਦਮ 11: ਦੂਜਾ, ਤੀਜਾ ਅਤੇ ਚੌਥਾ ਕੋਰਸ ਲਗਾਓ:** ਸ਼ੁਰੂਆਤੀ ਸ਼ਿੰਗਲ ਦੇ ਖੱਬੇ ਕਿਨਾਰੇ ਤੋਂ ਕ੍ਰਮਵਾਰ 10", 20", ਅਤੇ 30" ਕਤਰ ਦਿਓ ਅਤੇ ਇਸ ਤਰ੍ਹਾਂ ਲਗਾਓ ਕਿ ਇਹ ਰੇਕ ਦੇ ਕਿਨਾਰੇ ਤੋਂ 1/4" ਤੋਂ ਲੈਕੇ 3/4" ਤੱਕ ਮਾਮੂਲੀ ਜਿਹਾ ਓਵਰਹੈਂਗ ਕਰਦੇ ਹੋਣ। ਛੱਤ ਦੇ ਇੱਕ ਸਿਰੇ ਤੋਂ ਦੂਜੇ ਤੱਕ ਹਰੇਕ ਕੋਰਸ ਨੂੰ ਇਸ ਤਰ੍ਹਾਂ ਜਾਰੀ ਰੱਖੋ ਕਿ ਸਾਬਤ ਸ਼ਿੰਗਲਾਂ ਸਿਰਿਆਂ ਦੇ ਨਾਲ ਢਿੱਲੀਆਂ ਜਿਹੀਆਂ ਖਹਿੰਦੀਆਂ ਹੋਣ। ਸ਼ਿੰਗਲਾਂ ਦੇ ਥੱਲੇ ਵਾਲੇ ਕਿਨਾਰੇ ਨੂੰ ਹੇਠਲੇ ਕੋਰਸ ਵਿਚਲੀਆਂ ਸ਼ਿੰਗਲਾਂ ਦੇ ਆਰੇਦਾਰ ਦੰਦਿਆਂ ਦੇ ਸਿਖਰਾਂ ਦੀ ਸੇਧ ਵਿੱਚ ਲਿਆਓ। ਨੋਟ: 6" – 10" ਵਿਚਕਾਰਲੇ ਹੋਰ ਆਫਸੈੱਟਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਹ ਵਿਕਲਪਿਕ ਆਫਸੈੱਟ IKO ਦੀ ਸੀਮਤ ਵਰੰਟੀ ਦੀਆਂ ਲਾਗੂ ਹੋਣ ਵਾਲੀਆਂ ਵਿਵਸਥਾਵਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਨਹੀਂ ਕਰਨਗੇ, ਪਰ ਕੁਝ ਹਾਲਤਾਂ ਵਿੱਚ ਇਹਨਾਂ ਦਾ ਸਿੱਟਾ ਸੁਹਜਵਾਦੀ ਮਸਲਿਆਂ ਦੇ ਰੂਪ ਵਿੱਚ ਨਿਕਲ ਸਕਦਾ ਹੈ।

**ਕਦਮ 12: ਪੰਜਵੇਂ ਅਤੇ ਬਾਅਦ ਵਿੱਚ ਆਉਣ ਵਾਲੇ ਕੋਰਸਾਂ ਨੂੰ ਸਥਾਪਤ ਕਰੋ:** ਛੱਤ ਦੇ ਉੱਪਰ ਵੱਲ ਪਹਿਲੇ ਚਾਰ ਕੋਰਸਾਂ ਦੀ ਲੜੀ ਨੂੰ ਦੁਹਰਾਓ। ਤੇਜ਼ ਹਵਾ ਤੋਂ ਵੱਧ ਤੋਂ ਵੱਧ ਸੁਰੱਖਿਆ ਵਾਸਤੇ, ਸ਼ਿੰਗਲਾਂ ਨੂੰ ਰੇਕ ਦੇ ਕਿਨਾਰਿਆਂ 'ਤੇ ਸੀਮੈਂਟ ਨਾਲ ਚਿਪਕਾਓ।

**ਕਦਮ 13: ਸ਼ਿੰਗਲਾਂ ਨੂੰ ਹੱਥੀਂ ਸੀਲ ਕਰੋ (ਜੇ ਲੋੜ ਪੈਂਦੀ ਹੈ):** ਜਦ ਫੈਕਟਰੀ ਵੱਲੋਂ ਲਗਾਇਆ ਗਿਆ ਐਸਫਾਲਟ ਸੀਲੈਂਟ ਸੂਰਜ ਦੀ ਸਿੱਧੀ ਧੁੱਪ ਦੀ ਤਪਸ਼ ਨਾਲ ਕਾਫੀ ਗਰਮ ਹੋ ਜਾਂਦਾ ਹੈ ਤਾਂ ਸ਼ਿੰਗਲਾਂ ਹੇਠਲੇ ਕੋਰਸ ਨਾਲ ਜੁੜ ਜਾਣਗੀਆਂ। ਜਦ ਠੰਢੇ ਮੌਸਮ, ਤੇਜ਼ ਹਵਾਵਾਂ ਜਾਂ ਉੱਡਦੀ ਰੇਤ ਵਰਗੀਆਂ ਹਾਲਤਾਂ ਸੀਲਿੰਗ ਪੱਟੀ ਦੀ ਅਸਰਦਾਇਕਤਾ ਨੂੰ ਸੀਮਤ ਕਰ ਸਕਦੀਆਂ ਹੋਣ ਤਾਂ ਕਿਰਪਾ ਕਰਕੇ ਤਿੱਖੀ ਢਲਾਣ/ਤੇਜ਼ ਹਵਾ ਵਾਲੇ ਖੇਤਰਾਂ ਲਈ ਉਪਰੋਕਤ ਲੋੜਾਂ ਦੀ ਪੂਰਤੀ ਕਰੋ ਐਸਫਾਲਟ ਪਲਾਸਟਿਕ ਸੀਮੈਂਟ ਨੂੰ ਹੱਥਾਂ ਨਾਲ ਲਗਾਓ।

**ਕਦਮ 14: ਹਿੱਪਸ ਐਂਡ ਰਿੱਜਸ ਨੂੰ ਲਗਾਓ:** IKO ਆਪਣੇ ਪਹਿਲਾਂ ਤੋਂ ਕੱਟੇ ਹਿੱਪ ਐਂਡ ਰਿੱਜ (Hip and Ridge) ਉਤਪਾਦਾਂ, ਜਾਂ ਪਹਿਲਾਂ ਤੋਂ ਨਿਰਮਿਤ ਉੱਚ ਪ੍ਰੋਫਾਈਲ IKO Ultra HP ਦੀ ਸਿਫਾਰਸ਼ ਕਰਦੀ ਹੈ। IKO ਦੇ ਪਹਿਲਾਂ ਤੋਂ ਕੱਟੇ ਹਿੱਪ ਐਂਡ ਰਿੱਜ ਉਤਪਾਦਾਂ ਵਾਸਤੇ, ਹਰੇਕ ਪੀਸ ਨੂੰ ਹਿੱਪ ਜਾਂ ਰਿੱਜ ਉੱਤੇ ਮੋੜੋ, ਅਤੇ ਰੈਪਰ ਉੱਤੇ ਦਿੱਤੀਆਂ ਹਿਦਾਇਤਾਂ ਅਨੁਸਾਰ ਮੇਖਾਂ ਨਾਲ ਲਗਾ ਦਿਓ। ਆਖਰੀ ਸ਼ਿੰਗਲ ਨੂੰ ਰੂਫਿੰਗ ਸੀਮੈਂਟ ਵਿੱਚ ਲਗਾਉਣਾ ਚਾਹੀਦਾ ਹੈ ਅਤੇ ਇਸ ਸ਼ਿੰਗਲ ਦੀਆਂ ਮੇਖਾਂ ਦੇ ਨੰਗੇ ਸਿਰਿਆਂ ਨੂੰ ਰੂਫਿੰਗ ਸੀਮੈਂਟ ਨਾਲ ਢਕ ਦੇਣਾ ਚਾਹੀਦਾ ਹੈ। IKO UltraHP ਵਾਸਤੇ, ਡੱਬੇ ਉੱਤੇ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰੋ। ਠੰਢੇ ਮੌਸਮ ਵਿੱਚ ਲਗਾਏ ਜਾਣ ਤੋਂ ਪਹਿਲਾਂ, ਹਿੱਪ ਐਂਡ ਰਿੱਜ ਸ਼ਿੰਗਲਾਂ ਨੂੰ ਕਿਸੇ ਨਿੱਘੇ ਕੀਤੇ ਖੇਤਰ ਵਿੱਚ ਸਟੋਰ ਕਰੋ ਤਾਂ ਜੋ ਇਹਨਾਂ ਨੂੰ ਆਸਾਨੀ ਨਾਲ ਮੋੜਿਆ ਜਾ ਸਕੇ।

**ਮਹੱਤਵਪੂਰਨ ਸੰਦੇਸ਼ • ਕਿਰਪਾ ਕਰਕੇ ਪੜ੍ਹੋ!**

ਜਦ ਫੈਕਟਰੀ ਵੱਲੋਂ ਲਗਾਇਆ ਗਿਆ ਐਸਫਾਲਟ ਸੀਲੈਂਟ ਸੂਰਜ ਦੀ ਸਿੱਧੀ ਧੁੱਪ ਦੀ ਤਪਸ਼ ਨਾਲ ਕਾਫੀ ਗਰਮ ਹੋ ਜਾਂਦਾ ਹੈ ਤਾਂ ਸ਼ਿੰਗਲਾਂ ਹੇਠਲੇ ਕੋਰਸ ਨਾਲ ਜੁੜ ਜਾਣਗੀਆਂ। ਜਦ ਉਪਯੋਗ ਦੀਆਂ ਹਾਲਤਾਂ ਸੀਲਿੰਗ ਪੱਟੀ ਦੀ ਅਸਰਦਾਇਕਤਾ ਨੂੰ ਸੀਮਤ ਕਰ ਸਕਦੀਆਂ ਹੋਣ, ਜਿਵੇਂ ਕਿ ਠੰਢੇ ਮੌਸਮ ਵਿੱਚ ਜਾਂ ਤੇਜ਼ ਹਵਾਵਾਂ ਜਾਂ ਉੱਡਦੀ ਧੂੜ ਵਾਲੇ ਖੇਤਰਾਂ ਵਿੱਚ, ਤਾਂ ਸ਼ਿੰਗਲ ਦੀ ਸਟੀਕਤਾ ਨੂੰ ਉੱਪਰ ਵਰਣਨ ਕੀਤੇ ਅਨੁਸਾਰ ਹੱਥੀਂ ਸੀਲ ਕਰਨ ਦੁਆਰਾ ਯਕੀਨੀ ਬਣਾਉਣਾ ਚਾਹੀਦਾ ਹੈ। ਸਟਾਰਟਰ ਸਟ੍ਰਿੱਪ ਸ਼ਿੰਗਲਾਂ ਨੂੰ ਲਾਜ਼ਮੀ ਤੌਰ 'ਤੇ ਸਾਰੀਆਂ ਈਵਾਂ 'ਤੇ ਵਰਤਿਆ ਜਾਣਾ ਚਾਹੀਦਾ ਹੈ, ਅਤੇ ਫਲੋਰਿਡਾ ਰਾਜ ਵਿੱਚ ਹੱਥੀਂ ਸੀਲ ਕਰਨ ਦੀ ਲੋੜ ਨਹੀਂ ਹੈ।

**ਮਹੱਤਵਪ ਰਨ:** ਸਭ ਤਰ੍ਹਾਂ ਦੇ ਉਪਯੋਗਾਂ ਵਾਸਤੇ, ਮੇਖ ਲਾਈਨਾਂ ਨ ਿ ਇੱਕ ਗਾਈਡ ਵਜੋਂ ਵਰਤਣਾ ਅਤੇ ਮੇਖਾਂ ਨ ਿ ਇਹਨਾਂ ਹਿਦਾਇਤਾਂ ਵਿੱਚ ਦੱਸੇ ਅਨੁਸਾਰ ਸਥਿਤ ਕਰਨਾ ਮਹੱਤਵਪ ਰਨ ਹੈ। ਅਣਉਚਿਤ ਤਰੀਕੇ ਨਾਲ ਮੇਖਾਂ ਲਗਾਉਣਾ IKO ਦੀ ਸੀਮਤ ਵਰਿੰਟੀ ਨ ਿ ਸਮਾਪਤ ਕਰ ਸਕਦਾ ਹੈ।

